Classwork week of 4/18/2020

Due Date : 4/22/2020

Read below essay answer the questions.

ਪਾਠ ਉਨ੍ਹੀਵਾਂ

# ਵਿਸਾਖੀ



ਅੱਜ ਵਿਸਾਖੀ ਹੈ।

ਵਿਸਾਖੀ ਵਿਸਾਖ ਦੇ ਪਹਿਲੇ ਦਿਨ ਨੂੰ ਕਹਿੰਦੇ ਹਨ।

ਵਿਸਾਖੀ ਵਾਲੇ ਦਿਨ ਜ਼ਿੰਮੀਂਦਾਰ ਆਪਣੀਆਂ ਪੱਕੀਆਂ ਕਣਕਾਂ ਵੱਢਣੀਆਂ ਅਰੰਭ ਕਰਦੇ ਹਨ।

ਜਿਮੀਦਾਰ ( ਕਿਸਾਨ )

ਵੇਖੋ ! ਕੁਝ ਕਿਸਾਨ ਦਾਤਰੀਆਂ ਨਾਲ ਕਣਕ ਵੱਢ ਰਹੇ ਹਨ। ਉਹ ਕਣਕ ਵੱਢ ਕੇ ਢੇਰੀਆਂ ਲਾਈ ਜਾਂਦੇ ਹਨ। ਇੱਕ ਆਦਮੀ ਢੇਰੀਆਂ ਦੀਆਂ ਭਰੀਆਂ ਬੰਨ੍ਹੀ ਜਾਂਦਾ ਹੈ।

ਕਣਕ ਦੀਆਂ ਭਰੀਆਂ ਦਾ ਬੋਲ੍ਹ ਲੱਗਾ ਹੋਇਆ ਹੈ। ਕਣਕ ਕੱਢਣ ਵਾਲੀ ਮਸ਼ੀਨ ਚੱਲ ਰਹੀ ਹੈ। ਇੱਕ ਆਦਮੀ ਵੱਢੀ ਕਣਕ ਦੇ ਦੱਥੇ ਮਸ਼ੀਨ ਵਿੱਚ ਲਾਈ ਜਾ ਰਿਹਾ ਹੈ।

ਤੂੜੀ ਮਸ਼ੀਨ ਦੇ ਅੱਗੇ ਇਕੱਠੀ ਹੋਈ ਜਾਂਦੀ ਹੈ। ਦਾਣੇ ਹੇਠਾਂ ਰੱਖੀ ਬੋਰੀ ਵਿੱਚ ਡਿੱਗਦੇ ਜਾਂਦੇ ਹਨ।

ਅੱਗੇ ਕਿਸਾਨ ਬਲਦਾਂ ਨਾਲ ਕਣਕ ਗਾਹਿਆ ਕਰਦੇ ਸਨ।

ਵੇਖੋ ! ਇੱਕ ਕਿਸਾਨ ਬਲਦਾਂ ਨਾਲ ਕਣਕ ਗਾਹ ਰਿਹਾ ਹੈ। ਕਣਕ ਹੇਠ ਸੁੱਟੀ ਹੋਈ ਹੈ ਤੇ ਉੱਪਰ ਬਲਦ ਚਲ ਰਹੇ ਹਨ। ਨਾਲ ਹੀ ਇੱਕ ਆਦਮੀ ਛੱਜ ਵਿੱਚ ਗਾਹੀ ਕਣਕ ਪਾ ਕੇ ਉੱਡਾ ਰਿਹਾ ਹੈ। ਤੂੜੀ ਉੱਡ ਕੇ ਇੱਕ ਪਾਸੇ ਇਕੱਠੀ ਹੁੰਦੀ ਜਾਂਦੀ ਹੈ ਤੇ ਦਾਣੇ ਵੱਖ ਇਕੱਠੇ ਹੁੰਦੇ ਜਾਂਦੇ ਹਨ।

ਵਿਸਾਖੀ ਖ਼ੁਸ਼ੀਆਂ ਭਰਿਆ ਦਿਨ ਹੈ। ਲੋਕ ਮਠਿਆਈ ਖਾਂਦੇ ਹਨ। ਖ਼ੁਸ਼ੀ ਮਨਾਉਂਦੇ ਹਨ। ਲੋਕ ਖ਼ੁਸ਼ੀ ਵਿੱਚ ਭੰਗੜਾ ਪਾਉਂਦੇ ਹਨ। ਸਾਰੇ ਗਾਉਂਦੇ ਹਨ :

ਕਣਕਾਂ ਦੀ ਮੁੱਕ ਗਈ ਰਾਖੀ।
ਜੱਟਾ ! ਆਈ ਵਿਸਾਖੀ।
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇ।

ਜੱਟ ਖੇਤਾਂ ਦੇ ਵਿੱਚ ਗੱਜਦਾ ਏ,
ਪਕਵਾਨ ਪਕਾਉਂਦੀਆਂ ਜੱਟੀਆਂ ਨੇ।
ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇ।

**ਅਭਿਆਸ**

1. **ਦੱਸੋ**—(1) ਵਿਸਾਖੀ ਕਿਸ ਨੂੰ ਕਹਿੰਦੇ ਹਨ ?
(2) ਕਿਸਾਨ ਕਣਕ ਕਿਸ ਚੀਜ਼ ਨਾਲ ਵੱਢਦੇ ਹਨ ?
(3) ਅੱਜ ਕੱਲ ਕਣਕ ਕਿਵੇਂ ਗਾਹੀ ਜਾਂਦੀ ਹੈ ?
(4) ਪੁਰਾਣਾ ਕਿਸਾਨ ਗਾਹੀ ਕਣਕ ਵਿੱਚੋਂ ਕਿਵੇਂ ਦਾਣੇ ਵੱਖ ਕਰਦਾ ਸੀ ?
(5) ਕਿਸਾਨ ਆਪਣੀਆਂ ਕਣਕਾਂ ਕਦੋਂ ਵੱਢਣੀਆਂ ਅਰੰਭ ਕਰਦੇ ਹਨ?

2. Find Verbs

Make singular to plural ,underline full verb

ਪੰਡਤ ਮੰਦਰ ਵਿਚ ਪੂਜਾ ਕਰਦਾ ਹੈ।

ਪੰਛੀ ਪਿੰਜਰੇ ਵਿਚ ਬੰਦ ਹਨ।

ਬੱਚੇ ਬਸੰਤ ਵਿਚ ਪਤੰਗ ਉਡਾਉਂਦੇ ਹਨ।

ਤੋਤਾ ਚੁੰਝ ਨਾਲ ਅੰਬ ਖਾ ਰਿਹਾ ਹੈ।

ਸਾਡੇ ਦੇਸ਼ ਦੇ ਝੰਡੇ ਵਿਚ ਤਿੰਨ ਰੰਗ ਹਨ।

ਦਸੰਬਰ ਦੇ ਮਹੀਨੇ ਬਹੁਤ ਠੰਢ ਹੁੰਦੀ ਹੈ।

Make Past tenses

ਬੱਚੇ ਸਕੂਲ ਵਿਚ ਸਿੱਖਿਆ ਪ੍ਰਾਪਤ ਕਰਦੇ ਹਨ।

ਬਿੱਲੀ ਦਾ ਬੱਚਾ ਮੱਛੀ ਫੜ ਰਿਹਾ ਹੈ।

ਸੱਚਾ ਮਿੱਤਰ ਹਮੇਸ਼ਾ ਸਾਥ ਦਿੰਦਾ ਹੈ।

ਅੱਜ ਸ਼ੁੱਕਰਵਾਰ ਦਾ ਦਿਨ ਹੈ।

ਤਿਤਲੀ ਫੁੱਲਾਂ ਉੱਤੇ ਉੱਡਦੀ ਹੈ।

Read below essay , write 4-5 paragraphs about yourself .

## 6. ਮੈਂ ਆਪ



ਮੈਂ ਵਿਨੋਦ ਕੁਮਾਰ ਹਾਂ। ਮੇਰੀ ਉਮਰ ਗਿਆਰਾਂ ਸਾਲ ਹੈ। ਮੈਂ ਪੰਜਵੀਂ ਸ਼੍ਰੇਣੀ ਵਿਚ ਪੜ੍ਹਦਾ ਹਾਂ। ਮੈਂ ਫਗਵਾੜੇ ਰਹਿੰਦਾ ਹਾਂ। ਮੈਂ ਰਾਮਗੜ੍ਹੀਆ ਪਬਲਿਕ ਸਕੂਲ ਵਿਚ ਪੜ੍ਹਦਾ ਹਾਂ। ਮੈਂ ਆਪਣੇ ਸਾਥੀਆਂ ਸਮੇਤ ਸ਼ਾਮ ਵੇਲੇ ਸਕੂਲ ਦੀ ਗਰਾਊਂਡ ਵਿਚ ਖੇਡਦਾ ਹਾਂ।

ਮੇਰੇ ਪਿਤਾ ਜੀ ਇਕ ਵੱਡੇ ਦੁਕਾਨਦਾਰ ਹਨ। ਉਹ ਕੱਪੜੇ ਦੀ ਦੁਕਾਨ ਕਰਦੇ ਹਨ। ਉਹ ਮੈਨੂੰ ਬਹੁਤ ਪਿਆਰ ਕਰਦੇ ਹਨ।

ਮੈਂ ਹਰ ਰੋਜ਼ ਸਵੇਰੇ ਪੰਜ ਵਜੇ ਉੱਠ ਜਾਂਦਾ ਹਾਂ। ਨੇੜੇ ਦੇ ਇਕ ਬਾਗ਼ ਵਿਚ ਅੱਧਾ ਘੰਟਾ ਸੈਰ ਕਰਦਾ ਹਾਂ। ਉੱਥੋਂ ਵਾਪਸ ਆ ਕੇ ਇਸ਼ਨਾਨ ਕਰਦਾ ਹਾਂ। ਫਿਰ ਮੈਂ ਪਾਠ ਕਰਦਾ ਹਾਂ ਅਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ। ਇਸ ਤੋਂ ਬਾਅਦ ਹੀ ਮੈਂ ਸਵੇਰ ਦਾ ਨਾਸ਼ਤਾ ਕਰਦਾ ਹਾਂ।

ਮੈਂ ਗਰਮੀਆਂ ਦੇ ਦਿਨਾਂ ਵਿਚ ਸੱਤ ਵਜੇ ਸਕੂਲ ਜਾਂਦਾ ਹਾਂ। ਸਰਦੀਆਂ ਦੇ ਦਿਨਾਂ ਵਿਚ 9 ਵਜੇ ਸਕੂਲ ਜਾਂਦਾ ਹਾਂ। ਸਕੂਲ ਸਮੇਂ ਸਿਰ ਪੁਜਦਾ ਹਾਂ, ਕਦੀ ਲੇਟ ਨਹੀਂ ਹੁੰਦਾ। ਮੇਰੇ ਅਧਿਆਪਕ ਮੇਰੇ 'ਤੇ ਪ੍ਰਸੰਨ ਹਨ। ਮੈਂ ਮਾਪਿਆਂ ਦਾ ਸਤਿਕਾਰ ਕਰਦਾ ਹਾਂ ਅਤੇ ਉਹਨਾਂ ਦਾ ਕਹਿਣਾ ਮੰਨਦਾ ਹਾਂ। ਮੈਂ ਘਰ ਦੇ ਕੰਮ ਵਿਚ ਮਾਤਾ ਜੀ ਨਾਲ ਹੱਥ ਵਟਾਉਂਦਾ ਹਾਂ।

ਮੈਨੂੰ ਗਾਉਣ ਦਾ ਸ਼ੌਕ ਹੈ। ਘਰ ਵਿਚ ਇਕ ਉਸਤਾਦ ਮੈਨੂੰ ਗਾਣਾ ਸਿਖਾਉਂਦਾ ਹੈ। ਸਕੂਲ ਦੇ ਸਮਾਗਮ ਵਿਚ ਮੈਂ ਬੜੇ ਉਤਸ਼ਾਹ ਨਾਲ ਹਿੱਸਾ ਲੈਂਦਾ ਹਾਂ।

ਰਾਤ ਦੇ ਦਸ ਵਜੇ ਮੈਂ ਪਰਮਾਤਮਾ ਨੂੰ ਯਾਦ ਕਰਕੇ ਸੌਂ ਜਾਂਦਾ ਹਾਂ।

Any question or concern you may have feel free to contact me via- text,  WhatsApp,

or e-mail